26/5/22(E)

[This question paper contains 3 printed pages.]

26 MAY 2022
Maitreyi College ★ Chanakya Puri, New Delhi-110021 ★ LIBRARY

Your Roll No. ..............

Sr. No. of Question Paper : 4102 A

Unique Paper Code : 62121901

Name of the Paper : Medieval Narrative Poetry, Autobiography and functional Punjabi (Core-MIL Punjabi 2A)

Name of the Course : B.A. (P)

Semester : IV

Duration : 3 Hours Maximum Marks : 75

munotes.in

## Instructions for Candidates

1. Write your Roll No. on the top immediately on receipt of this question paper.

**ਨੋਟ: ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

### ਭਾਗ-ਪਹਿਲਾ

1. ਪੰਜਾਬੀ ਕਿੱਸਾ ਕਾਵਿ ਵਿੱਚ ਮਧਕਾਲੀ ਪੰਜਾਬ ਦੇ ਸਮਾਜ ਅਤੇ ਸੱਭਿਆਚਾਰ ਦੀ ਬਹੁਤ ਹੀ ਯਥਾਰਥਕ ਤਸਵੀਰ ਪੇਸ਼ ਹੋਈ ਹੈ ਇਸ ਕਥਨ ਬਾਰੇ ਵਿਸਥਾਰ ਨਾਲ ਚਰਚਾ ਕਰੋ। 15

ਜਾਂ

ਹੇਠ ਲਿਖੇ ਵਿੱਚੋਂ ਕਿਸੇ ਇਕ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ :

ਕਿੱਸਾ ਪੂਰਨ ਭਗਤ, ਚੰਡੀ ਦੀ ਵਾਰ, ਕਿੱਸਾ ਸੱਸੀ ਪੁੰਨੂ

P.T.O.

2. ਕਿਸੇ ਇਕ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: 10

(ੳ) ਸਾਹਿਬਾਂ ਗਈ ਤੇਲ ਨੂੰ, ਗਈ ਪਸਾਰੀ ਦੀ ਹੱਟ,
ਫੜ ਨਾ ਜਾਣੇ ਤਕੜੀ, ਹਾੜ ਨਾ ਜਾਣੇ ਵੱਟ।
ਤੇਲ ਤੁਲਾਵੇ ਭੁੱਲਾ ਬਾਣੀਆ, ਦਿੱਤਾ ਸ਼ਹਿਤ ਉਲਟ,
ਵਣਜ ਗਵਾ ਲੈ ਬਾਣੀਆ, ਬਲਦ ਗੰਵਾਇ ਜੱਟ।

ਜਾਂ

(ਅ) ਨਾਜ਼ੁਕ ਪੈਰ ਮਲੂਕ ਸੱਸੀ ਦੇ, ਮਹਿੰਦੀ ਨਾਲ ਸ਼ਿੰਗਾਰੇ।
ਬਾਲੂ ਰੇਤ ਤਪੇ ਵਿੱਚ ਥਲ ਦੇ , ਜਿਉਂ ਜੌਂ ਭੁੰਨਣ ਭਠਿਆਰੇ।
ਸੂਰਜ ਭੱਜ ਵੜਿਆ ਵਿੱਚ ਬਦਲੀ, ਡਰਦਾ ਲਿਸ਼ਕ ਨਾ ਮਾਰੇ।
ਹਾਸ਼ਮ ਵੇਖ ਯਕੀਨ ਸੱਸੀ ਦਾ, ਸਿਦਕੋਂ ਮੂਲ ਨਾ ਹਰੇ।

## ਭਾਗ-ਦੂਜਾ

3. ਸਵੈ-ਜੀਵਨੀ ਦੀ ਪਰਿਭਾਸ਼ਾ ਦਿੰਦੇ ਹੋਏ ਇਸਦੇ ਮੂਲ ਤੱਤਾਂ ਬਾਰੇ ਭਰਪੂਰ ਜਾਣਕਾਰੀ ਦਿਓ । 15

ਜਾਂ

"ਬਚਿੰਤ ਕੌਰ ਦੀ ਸਵੈ-ਜੀਵਨੀ 'ਪਗਡੰਡੀਆਂ ' ਵਿੱਚ ਦਰਜ ਲੇਖਿਕਾ ਦੇ ਆਰਤੰਕ ਜੀਵਨ ਦੇ ਕੁਝ ਅਨੁਭਵਾਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ।

4. 'ਮੁਹੱਬਤ ਇੱਕ ਹਾਦਸਾ' ਜਾਂ 'ਜੋਬਨ ਰੁੱਤ' ਵਿਚੋਂ ਕਿਸੇ ਇਕ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ। 10

## ਭਾਗ-ਤੀਜਾ

5. 'ਸਵਰ' ਅਤੇ ' ਵਿਅੰਜਨਾਂ 'ਬਾਰੇ ਵਿਸਥਾਰ ਨਾਲ ਜਾਣਕਾਰੀ ਦਿਉ। 10

ਜਾਂ

ਕਾਰਕ ਦੀ ਪਰਿਭਾਸ਼ਾ ਦਿੰਦੇ ਹੋਏ, ਇਸ ਦੀਆਂ ਕਿਸਮਾਂ ਬਾਰੇ ਉਦਾਹਰਣ ਸਹਿਤ ਜਾਣਕਾਰੀ ਦਿਓ

6. ਸ਼ਬਦ ਸ਼ਕਤੀ ਤੋਂ ਕੀ ਭਾਵ ਹੈ? ਇਸ ਦੀਆਂ ਦੋ ਕਿਸਮਾਂ ਬਾਰੇ ਜਾਣਕਾਰੀ ਦਿਉ। 5

7. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ: 10



ਜੀਵਨੀ ਸਾਹਿਤ ਦਾ ਸਭ ਤੋਂ ਵੱਧ ਕੋਮਲ ਰੂਪ ਹੈ। ਜਿਸ ਵਿੱਚ ਉਸ ਅਨੁਭੂਤੀ ਦੀ ਲੋੜ ਹੁੰਦੀ ਹੈ, ਜਿਹੜੀ ਉਸ ਪੁਰਖ ਦੀ ਜੀਵਨ ਜਾਂਚ ਅੱਤੇ ਜੀਵਨ ਦਰਸ਼ਨ ਨੂੰ ਸਮਝਣ ਵਿੱਚ ਸਮਰੱਥ ਹੋਵੇ। ਜੀਵਨੀ ਲਿਖਣ ਵਾਲਾਂ ਲੇਖਕ ਘਟਨਾਵਾਂ ਤੇ ਕਾਰਜਾਂ ਦਾ ਮਨ-ਖਿੱਚਵਾਂ ਵਰਣਨ ਕਰਦਾ ਹੈ। ਉਹ ਗੈਰ ਜਰੂਰੀ ਗੱਲਾਂ ਨੂੰ ਛਾਂਗਦਾ ਹੈ ਤੇ ਜਰੂਰੀ ਤੱਥਾਂ ਬਾਰੇ ਵਿਗਿਆਨਕ ਢੰਗ ਨਾਲ ਖੋਜ ਵੀ ਕਰਦਾ ਹੈ। ਜੀਵਨੀ ਇੱਕ ਤਰ੍ਹਾਂ ਦਾ ਉਹ ਆਦਰਸ਼ਪੁਰਨ ਇਤਿਹਾਸ ਹੈ, ਜਿਹੜਾ ਕਿਸੇ ਮਹਾਂਪੁਰਖ ਦੀ ਸ਼ਖਸੀਅਤ ਨੂੰ ਸਾਕਾਰ ਕਰਦਾ ਹੈ। ਇਹ ਇਤਿਹਾਸ ਅਤੇ ਸਾਹਿਤ ਦਾ ਕਲਾਤਮਕ ਸੁਮੇਲ ਹੈ।

ਪ੍ਰਸ਼ਨ:

ੳ. ਜੀਵਨੀ ਲਿਖਣ ਲਈ ਕਿਸ ਚੀਜ ਦੀ ਲੋੜ ਹੁੰਦੀ ਹੈ ?

ਅ. ਜੀਵਨੀ ਲੇਖਕ ਨੂੰ ਜੀਵਨੀ ਲਿਖਣ ਲਈ ਕੀ ਕੁਝ ਕਰਨਾ ਪੈਂਦਾ ਹੈ?

ੲ. ਜੀਵਨੀ ਕਿਸ ਦਾ ਸੁਮੇਲ ਹੈ?

ਸ. ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਦਿਉ।



munotes.in